# JOINT ACTION COMMITTEE AHMEDGARH

## ਜੁਆਇੰਟ ਐਕਸ਼ਨ ਕਮੇਟੀ

جوائنٹ ایکشن کمیٹی احمدگڑھ ضلع سنگرور (پنجاب)
متحدہ مجلس عمل احمدگڑھ

ਮੁੱਖ ਦਫਤਰ: ਮਦਰਸਾ ਉਮਰ ਫਾਰੂਕ, ਅਹਿਮਦਗੜ੍ਹ (ਸੰਗਰੂਰ)

دفتر: مدرسہ عمر فاروق، احمدگڑھ (سنگرور)

Mob.: 95016-77302

52/F/2020

Dated 07/02/2020

• source: sikhsiyasat.net

ਸ੍ਰੀਮਾਨ ਜੀ ਜੱਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਅਦਾਬ ਜਿਵੇਂ ਕਿ ਅਸੀਂ ਸਾਰੇ ਚੰਗੀ ਤਰਾਂ ਇਸ ਚੀਜ਼ ਨੂੰ ਜਾਣਦੇ ਵੀ ਹਾਂ ਤੇ ਮਹਿਸੂਸ ਵੀ ਕਰਦੇ ਹਾਂ ਕੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਲਿਆ ਗਿਆ ਫੈਸਲਾ ਜਾਂ ਸਾਦਿਰ ਕੀਤਾ ਗਿਆ ਹੁਕਮ ਪੂਰੀ ਦੁਨੀਆਂ ਦੇ ਸਿੱਖ ਧਰਮ ਦੇ ਲੋਕਾਂ ਲਈ ਬਹੁੱਤ ਹੀ ਭਰੋਸੇਯੋਗ ਹੁੰਦਾ ਹੈ ਅਤੇ ਕਾਬਲੇ ਕਬੂਲ ਹੁੰਦਾ ਹੈ ਖਾਸ ਤੋਰ ਤੇ ਸਾਡੇ ਮੁਲਕ ਭਾਰਤ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਅਹਕਾਮਾਤ ਨੂੰ ਬੜੀ ਇੱਜਤ ਦੀ ਨਜਰ ਨਾਲ ਦੇਖਿਆ ਜਾਂਦਾ ਹੈ ਮੌਜੂਦਾ ਜੋ ਦੇਸ ਦੇ ਜੋ ਹਾਲਤ ਹਨ ਉਹ ਕਿਸੇ ਤੋਂ ਛੁਪੇ ਹੋਏ ਨਹੀ ਜਿਵੇਂ ਕੀ ਸੀ ਏ ਏ ਕਾਨੂੰਨ ਦੇ ਵਿਰੋਧਿਆਂ ਵਿਚ ਨਫਰਤ ਅਤੇ ਦੂਰੀ ਮਿਆਉਣ ਲਈ ਲਿਆਇਆ ਗਿਆ ਹੈ ਇਸੇ ਤਰਾਂ ਅਗਰ ਐਨ.ਆਰ.ਸੀ ਦੇਸ ਵਿਚ ਲਾਗੂ ਹੁੰਦਾ ਹੈ ਤਾਂ ਇਸ ਦੇ ਬਹੁੱਤ ਭਿਆਨਕ ਸਿੱਟੇ ਨਿੱਕਲਣਗੇ ਜੋ ਕਿ ਗਰੀਬ ਤੇ ਬੇਸਹਾਰਾ ਲੋਕਾਂ ਲਈ ਬਹੁੱਤ ਖਤਰਨਾਕ ਹੈ ਮੌਜੂਦਾ ਦੌਰ ਵਿਚ ਸਿਆਸੀ ਅਤੇ ਸਮਾਜੀ ਪਾਰਟੀਆਂ ਆਪੋ ਆਪਣੇ ਨਫੇ ਮੁਤਾਬਿਕ ਇਸ ਦੀ ਹਿਮਾਇਤ ਅਤੇ ਵਿਰੋਧ ਕਰ ਰਹੀਆਂ ਹਨ ਪੂਰੇ ਦੇਸ ਵਿਚ ਬੇਚੈਨੀ ਦਾ ਮਾਹੌਲ ਹੈ ਪੂਰਾ ਦੇਸ ਇਸ ਸੰਬੰਧੀ ਰੋਸ ਮੁਜਾਹਰੇ ਕਰ ਰਿਹਾ ਹੈ ਸਿਆਸੀ ਪਾਰਟੀਆਂ ਦਾ ਕੀ ਨਜਰੀਆ ਹੈ ਅਤੇ ਕੀ ਅਹਕਾਮਾਤ ਹਨ ਇਸ ਦੀ ਗੱਲ ਨਾ ਕਰਦੇ ਹੋਏ ਜਿਵੇਂ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਆਪਣਾ ਬਹੁੱਤ ਬੜਾ ਮਰਤਬਾ ਹੈ ਅਸੀਂ ਬੇਨਤੀ ਕਰਦੇ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਇਸ ਉਪਰ ਆਪਣਾ ਨਜਰੀਆ ਪੇਸ ਕਰੇ ਤਾਂ ਜੋ ਸਮੁੱਚੇ ਸਿੱਖ ਭਾਈਚਾਰੇ ਨੂੰ ਖਾਸ ਤੋਰ ਤੇ ਜੋ ਭਾਰਤ ਵਿਚ ਰਹਿ ਰਹੇ ਹਨ ਨੂੰ ਆਸਾਨੀ ਹੋਵੇ ਜਿਵੇਂ ਕੀ ਇਹਨਾ ਕਾਲੇ ਕਾਨੂੰਨਾ ਦਾ ਵਿਰੋਧ ਕਰਨ ਲਈ ਸੂਬਾਈ ਸਤਾ ਉਪਰ ਜੋਇੰਟ ਐਕਸਨ ਕੈਮੇਟੀਆਂ ਬਣੀਆਂ ਸੀ ਇਸੇ ਤਰਾਹ ਜੋਇੰਟ ਐਕਸਨ ਕਮੇਟੀ ਅਹਿਮਦਗੜ੍ਹ ਸੀ ਜੋ ਕੀ ਸੂਬਾਈ ਸਤਾ ਤੇ ਕਈ ਸਹਿਰਾਂ ਵਿਚ ਰੋਸ ਮੁਜਾਹਰੇ ਕਰ ਚੁੱਕੀ ਹੈ ਅਸੀਂ ਆਪ ਅੱਗੇ ਬੇਨਤੀ ਕਰਦੇ ਹਾਂ ਕੀ ਆਪ ਇਸ ਸੰਬੰਧੀ ਫੈਸਲਾ ਪੇਸ ਕਰੋ ਤਾਂ ਜੋ ਸਾਨੂੰ ਅਤੇ ਸਮੁੱਚੇ ਸਮਾਜ ਨੂੰ ਅਗਲੀ ਰਣਨੀਤੀ ਬਣਾਉਣ ਵਿਚ ਆਸਾਨੀ ਹੋਵੇ ਅਸੀਂ ਆਪ ਜੀ ਦੇ ਧੰਨਵਾਦੀ ਹੋਵਾਂਗੇ

ਵਲੋਂ:– ਜੋਇੰਟ ਐਕਸਨ ਕਮੇਟੀ ਅਹਿਮਦਗੜ੍ਹ

Joint Action
Committee
Ahmedgarh